## ਦਫਤਰ, ਪ੍ਰਿੰਸੀਪਲ, ਸਰਕਾਰੀ ਬਿਕਰਮ ਕਾਲਜ ਆਫ ਕਾਮਰਸ, ਪਟਿਆਲਾ

**ਸਰਕਾਰੀ ਬਿਕਰਮ ਕਾਲਜ ਆਫ਼ ਕਾਮਰਸ, ਪਟਿਆਲਾ ਵਿਖੇ (ਗਰੁਪ ਡੀ) ਦੀਆਂ ਚਾਰ ਖਾਲੀ ਅਸਾਮੀਆਂ ਭਰਨ ਸਬੰਧੀ ਹਦਾਇਤਾਂ:**

1) ਹਰ ਆਸਾਮੀ ਲਈ **ਵੱਖ ਵੱਖ ਬਿਨੈ** ਪੱਤਰ ਦਾ ਪ੍ਰੋਫਾਰਮਾ ਕਾਲਜ ਦੀ ਵੈਬ ਸਾਈਟ ਤੇ ਉਪਲਬੱਧ ਹੈ। ਚਾਹਵਾਨ ਉਮੀਦਵਾਰ ਵਲੋ **ਹਰ ਆਸਾਮੀ ਲਈ ਵੱਖ ਵੱਖ** ਬਿਨੈ ਪੱਤਰ ਦਿੱਤਾ ਜਾ ਸਕਦਾ ਹੈ। ਉਮੀਦਵਾਰ ਨੂੰ ਉਸ ਆਸਾਮੀ ਲਈ ਹੀ ਵਿਚਾਰਿਆ ਜਾਵੇਗਾ ਜਿਸ ਲਈ ਉਸ ਵਲੋ ਬਿਨੈ **ਪੱਤਰ** ਦਿੱਤਾ ਗਿਆ ਹੈ।

2) **ਸਫਾਈ ਸੇਵਕ** ਦੀ ਅਸਾਮੀ ਪੰਜਾਬ **ਸਰਕਾਰ ਦੇ ਪੱਤਰ ਨੰ: 1818-ਐਸ.ਡਬਲਿਊ-1/75/10451** ਮਿਤੀ 5-5-75 **ਅਤੇ ਪੱਤਰ ਨੰ: 1/3/98 ਆਰ.ਸੀ1/948** ਮਿਤੀ 20-12-2001 **ਅਨੁਸਾਰ** ਕਾਲਜ ਦੀ ਮੌਜੂਦਾ **ਭਰਨ** ਯੋਗ ਆਸਾਮੀ ਵਾਸਤੇ ਬਾਲਮੀਕੀ ਤੇ **ਮਜੱਬੀ** ਸਿੱਖ ਕੈਟੇਗਰੀ ਦੇ ਉਮੀਦਵਾਰਾਂ ਨੂੰ ਤਰਜੀਹ ਦਿੱਤੀ **ਜਾਵੇਗੀ।**

3) ਉਮੀਦਵਾਰ ਨੇ **ਘੱਟੋ ਘੱਟ** ਅਠੱਵੀਂ ਪਾਸ ਕੀਤੀ ਹੋਵੇ।

4) ਅੱਠਵੀਂ ਪੱਧਰ ਦੀ ਪ੍ਰੀਖਿਆ ਵਿਚ **ਪੰਜਾਬੀ ਵਿਸ਼ਾ** ਪਾਸ **ਕੀਤਾ** ਹੋਣਾ ਜ਼ਰੂਰੀ ਹੈ।

5) ਉਮੀਦਵਾਰ ਦੀ ਉਮਰ ਮਿਤੀ 1.1.2019 ਨੂੰ 18 ਸਾਲ ਤੋ ਘੱਟ **ਅਤੇ** 37 ਸਾਲ ਤੋ ਵੱਧ ਨਹੀ ਹੋਣੀ ਚਾਹੀਦੀ। ਅਨੁਸੂਚਿਤ ਜਾਤੀ **ਦੇ ਉਮੀਦਵਾਰਾਂ** ਨੂੰ ਉਮਰ **ਵਿਚ** 5 ਸਾਲ ਦੀ ਛੋਟ ਦਿੱਤੀ **ਜਾਵੇਗੀ।**

6) ਤਨਖਾਹ ਸਕੇਲ(4900-10680+1300ਗ੍ਰੇਡ ਪੇਅ) ਵਿੱਚ **ਪੰਜਾਬ ਸਰਕਾਰ,** ਵਿਤ ਵਿਭਾਗ (ਵਿੱਤ ਪ੍ਰਸੋਨਲ-1ਸ਼ਾਖਾ) **ਦੇ ਪੱਤਰ ਨੰ: 7/204/2012-4ਐਫ.ਪੀ 1-66** ਮਿਤੀ 15-01-2015 **ਅਤੇ** ਪੱਤਰ ਨੰ: 7/204/**2012-4 ਐਫ.ਪੀ**1/1049 ਮਿਤੀ 21-12-2015 ਦੇ ਸਨਮੁੱਖ ਇਸ ਅਸਾਮੀ ਦੀ ਤਨਖਾਹ ਉਨ੍ਹਾਂ ਦੇ ਪਰਖ ਕਾਲ ਸਮੇਂ ਦੌਰਾਨ **ਡੀ.ਸੀ./ਲੇਬਰ ਰੇਟਾਂ** ਤੋ ਘੱਟ ਬਣਦੀ ਹੈ, ਇਸ ਅਸਾਮੀ ਲਈ **ਡੀ.ਸੀ./ਲੇਬਰ ਰੇਟਾਂ ਦੇ** ਬਰਾਬਰ **ਤਨਖਾਹ** ਦਿੱਤੀ ਜਾਵੇਗੀ। ਪੰਜਾਬ ਸਰਕਾਰ **ਪ੍ਰਸੋਨਲ ਵਿਭਾਗ** (ਪ੍ਰਸੋਨਲ ਪਾਲਿਸੀ-2 ਸ਼ਾਖਾ) ਦੇ ਅੰ.ਵਿ.ਪੱਤਰ ਨੰ: 12/115/15- 5ਪੀ.ਪੀ.2/761986/9 ਮਿਤੀ 25-5-16 ਦੇ **ਸਨਮੁੱਖ ਪਰਖ** ਕਾਲ ਸਮਾਂ 3 ਸਾਲ ਦਾ ਹੋਵੇਗਾ ਅਤੇ ਪਰਖ **ਕਾਲ ਸਮੇਂ** ਦੌਰਾਨ ਗ੍ਰੇਡ ਪੇਅ, ਸਾਲਾਨਾ ਤਰੱਕੀ ਜਾਂ ਹੋਰ ਕੋਈ ਭੱਤੇ, ਸਿਵਾਏ **ਸਫਰੀ ਭੱਤੇ** ਦੇ ਮਿਲਣਯੋਗ ਨਹੀ ਹੋਣਗੇ।

7) ਇਹ ਆਸਾਮੀਆਂ ਬਿਨ੍ਹਾਂ ਨੋਟਿਸ ਦਿੱਤੇ **ਵਾਪਿਸ ਲਈਆਂ ਜਾ ਸਕਦੀਆਂ** ਹਨ।

8) ਇਨ੍ਹਾਂ ਆਸਾਮੀਆਂ ਲਈ **ਉਮੀਦਵਾਰਾਂ** ਦੀ ਮੈਰਿਟ ਸੂਚੀ ਡੀ.ਪੀ.ਆਈ(ਕਾਲਜ਼ਾਂ) **ਪੰਜਾਬ,** ਚੰਡੀਗੜ੍ਹ ਦੇ ਮਾਪਦੰਡਾਂ ਅਨੁਸਾਰ ਤਿਆਰ ਕੀਤੀ ਜਾਵੇਗੀ।

9) ਚਾਹਵਾਨ ਉਮੀਦਵਾਰ **ਆਪਣਾ ਬਿਨੈ** ਪੱਤਰ ਮਿਤੀ 26-2-2019 ਤਕ ਸ਼ਾਮ 3.30 ਵਜ਼ੇ ਦਫਤਰ ਵਿਚ ਨਿੱਜੀ ਤੋਰ ਤੇ ਪੇਸ਼ ਹੋ ਕੇ ਜਾਂ ਡਾਕ ਰਾਂਹੀ **ਭੇਜ ਸਕਦੇ ਹਨ। ਡਾਕ** ਵਿਭਾਗ ਵਲੋ ਹੋਈ ਦੇਰੀ ਸਬੰਧੀ ਦਫਤਰ ਜਿਮੇਵਾਰ **ਨਹੀ** ਹੋਵੇਗਾ।

10) ਮੈਰਿਟ ਸੂਚੀ ਮਿਤੀ 26-2-19 ਨੂੰ ਕਾਲਜ ਦੀ ਵੈਬ ਸਾਈਟ ਤੇ ਅਪਲੋਡ ਕਰ ਦਿੱਤੀ ਜਾਵੇਗੀ।

11) ਉਮੀਦਵਾਰ ਆਪਣੇ ਦਾਵੇ ਅਤੇ **ਇਤਰਾਜ** ਮਿਤੀ 27-2-19 **ਤੱਕ** ਪੇਸ਼ ਕਰ ਸਕਦੇ ਹਨ।

ਪ੍ਰਿੰਸੀਪਲ
ਸਰਕਾਰੀ ਬਿਕਰਮ ਕਾਲਜ ਆਫ ਕਾਮਰਸ
**ਪਟਿਆਲਾ**